# ਪੰਜਾਬ ਵਿਧਾਨ ਸਭਾ

-----------

## 16ਵੀਂ ਪੰਜਾਬ ਵਿਧਾਨ ਸਭਾ
## ਗਿਆਰ੍ਹਵਾਂ (ਵਿਸ਼ੇਸ਼) ਸਮਾਗਮ

-----------

## ਕਾਰਜ ਸੂਚੀ

ਮੰਗਲਵਾਰ 30 ਦਸੰਬਰ, 2025

11: 00 ਵਜੇ ਪੂਰਵ ਦੁਪਹਿਰ

-----------

1. <u>ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕੀਤਾ ਜਾਵੇਗਾ</u>

2. <u>ਅਕਾਲ ਚਲਾਣਿਆਂ ਦਾ ਵਰਣਨ</u>

(1) ਨਿਮਨਲਿਖਤ ਅਕਾਲ ਚਲਾਣਿਆਂ ਦਾ ਵਰਣਨ ਕੀਤਾ ਜਾਵੇਗਾ-

i ਸ੍ਰੀ ਸ਼ਿਵਰਾਜ ਪਾਟਿਲ, ਸਾਬਕਾ ਰਾਜਪਾਲ, ਪੰਜਾਬ;

ii ਸਰਦਾਰ ਜਗਤਾਰ ਸਿੰਘ ਮੁਲਤਾਨੀ, ਸਾਬਕਾ ਮੰਤਰੀ;

iii ਸਰਦਾਰ ਤਾਰਾ ਸਿੰਘ ਲਾਡਲ, ਸਾਬਕਾ ਰਾਜ ਮੰਤਰੀ; ਅਤੇ

iv ਸਰਦਾਰ ਤਰਲੋਚਨ ਸਿੰਘ ਸੂੰਢ, ਸਾਬਕਾ ਐਮ.ਐਲ.ਏ.

3. <u>ਮਾਣਯੋਗ ਸਪੀਕਰ ਦੁਆਰਾ ਐਲਾਨ</u>

4. <u>ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ</u>

(1) i) **ਮਾਣਯੋਗ ਸਪੀਕਰ** ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਨਗੇ।

ii) **ਕਮੇਟੀ ਦਾ ਇੱਕ ਮੈਂਬਰ** ਪ੍ਰਸਤਾਵ ਕਰੇਗਾ ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

5. <u>ਨਿਯਮ 16 ਅਧੀਨ ਪ੍ਰਸਤਾਵ</u>

(1) **ਇੱਕ ਮੰਤਰੀ** ਪ੍ਰਸਤਾਵ ਕਰਨਗੇ ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ ।

## 6. ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ

(1) **ਇੱਕ ਮੰਤਰੀ** ਪੰਜਾਬ ਰਾਈਟ ਟੂ ਬਿਜ਼ਨਸ ਰੂਲਜ਼, 2025 ਦਾ ਨੋਟੀਫਿਕੇਸ਼ਨ ਨੰ. G.S.R.177/P.A.1/2020/ S.14/2025 ,ਮਿਤੀ 18.11.2025 ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਰਾਈਟ ਟੂ ਬਿਜ਼ਨਸ ਐਕਟ, 2020 ਦੀ ਧਾਰਾ 14 (2) ਅਧੀਨ ਲੋੜੀਂਦਾ ਹੈ ।

(2) **ਇੱਕ ਮੰਤਰੀ** ਸਾਲ 2021-22 ਲਈ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਕਾਰਪੋਰੇਸ਼ਨ ਲਿਮਟਿਡ ਦੀ ਦੇਰੀ ਦੇ ਕਾਰਨ ਦਰਸਾਉਂਦੇ ਵਿਵਰਣ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 ਅਧੀਨ ਲੋੜੀਂਦਾ ਹੈ ।

(3) **ਇੱਕ ਮੰਤਰੀ** ਸਾਲ 2023-24 ਲਈ ਪੰਜਾਬ ਜਲ ਵਿਨਿਯਮਨ ਅਤੇ ਵਿਕਾਸ ਅਥਾਰਟੀ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਜਲ ਸਰੋਤ (ਪ੍ਰਬੰਧਨ ਅਤੇ ਵਿਨਿਯਮਨ) ਐਕਟ, 2020 ਦੀ ਧਾਰਾ 37 ਅਧੀਨ ਲੋੜੀਂਦਾ ਹੈ ।

(4) **ਇੱਕ ਮੰਤਰੀ** ਸਾਲ 2022-23 ਲਈ ਪੰਜਾਬ ਰਾਜ ਖੁਰਾਕ ਕਮਿਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੌਮੀ ਖੁਰਾਕ ਸੁਰੱਖਿਆ ਐਕਟ, 2013 ਦੀ ਧਾਰਾ 16 (6) (ਕ) ਅਧੀਨ ਲੋੜੀਂਦਾ ਹੈ।

(5) **ਇੱਕ ਮੰਤਰੀ** ਸਾਲ 2020-21 ਲਈ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਦੀ 54ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਵੇਅਰਹਾਊਸਿੰਗ ਕਾਰਪੋਰੇਸ਼ਨ ਐਕਟ, 1962 ਦੀ ਧਾਰਾ 31 (11) ਅਧੀਨ ਲੋੜੀਂਦਾ ਹੈ।

(6) **ਇੱਕ ਮੰਤਰੀ** ਸਾਲ 2019-20 ਲਈ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਦੀ ਦੇਰੀ ਦੇ ਕਾਰਨ ਦਰਸਾਉਂਦੇ ਵਿਵਰਣ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 ਅਧੀਨ ਲੋੜੀਂਦਾ ਹੈ ।

(7) **ਇੱਕ ਮੰਤਰੀ** ਸਾਲ 2020-21 ਲਈ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਦੀ ਦੇਰੀ ਦੇ ਕਾਰਨ ਦਰਸਾਉਂਦੇ ਵਿਵਰਣ ਦੀ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 ਅਧੀਨ ਲੋੜੀਂਦਾ ਹੈ ।

(8) **ਇੱਕ ਮੰਤਰੀ** ਸਾਲ 2024-25 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 105 ਅਧੀਨ ਲੋੜੀਂਦਾ ਹੈ।

(9) **ਇੱਕ ਮੰਤਰੀ** ਸਾਲ 2021-22 ਲਈ ਗ੍ਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਰਿਜ਼ਨਲ ਅਤੇ ਟਾਊਨ ਪਲੈਨਿੰਗ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ ।

(10) **ਇੱਕ ਮੰਤਰੀ** ਸਾਲ 2022-23 ਲਈ ਗ੍ਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਰਿਜ਼ਨਲ ਅਤੇ ਟਾਊਨ ਪਲੈਨਿੰਗ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ ।

## 7. ਸਰਕਾਰੀ ਮਤਾ

(1) **ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਪ੍ਰਸਤਾਵ ਕਰਨਗੇ ਕਿ-**

"ਕਿ ਰਾਜ ਦੀ ਵਿਧਾਨ ਸਭਾ, ਭਾਰਤ ਸਰਕਾਰ ਵੱਲੋਂ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜਗਾਰ ਗਰੰਟੀ ਐਕਟ (ਮਗਨਰੇਗਾ) ਦੀ ਥਾਂ ਤੇ ਲਿਆਂਦੇ ਗਏ ਨਵੇਂ ਐਕਟ VIKSIT BHARAT- GUARANTEE FOR ROZGAR AND AJEEVIKA MISSION (GRAMIN) ਰਾਹੀਂ ਰਾਜ ਦੇ ਗਰੀਬ ਮਜ਼ਦੂਰਾਂ, ਔਰਤਾਂ ਤੇ ਲੱਖਾਂ ਜੌਬ ਕਾਰਡ ਧਾਰਕ ਪਰਿਵਾਰਾਂ ਤੋਂ ਗਾਰੰਟੀਸ਼ੁਦਾ ਮਜ਼ਦੂਰੀ/ਰੁਜ਼ਗਾਰ ਦਾ ਹੱਕ ਖੋਹਣ ਅਤੇ ਰਾਜਾਂ ਤੇ ਵਾਧੂ ਵਿੱਤੀ ਬੋਝ ਪਾਉਣ ਵਾਲੇ ਇਸ ਕਦਮ (ਐਕਟ) ਦੀ ਨਿਖੇਧੀ ਕਰਦੇ ਹੋਏ ਭਾਰਤ ਸਰਕਾਰ ਦੇ ਇਸ ਮਾੜੇ ਵਤੀਰੇ ਪ੍ਰਤੀ ਡੂੰਘਾ ਖੇਦ ਪ੍ਰਗਟ ਕਰਦੀ ਹੈ। ਨੈਸ਼ਨਲ ਪੇਂਡੂ ਰੋਜ਼ਗਾਰ ਗਾਰੰਟੀ ਐਕਟ ਸਤੰਬਰ 2005 ਵਿੱਚ ਭਾਰਤ ਸਰਕਾਰ ਦੁਆਰਾ ਪਾਸ ਕੀਤਾ ਗਿਆ ਸੀ ਅਤੇ ਇਹ ਸਾਲ 2008-09 ਵਿੱਚ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ ਸੀ। 2 ਅਕਤੂਬਰ 2009 ਨੂੰ, ਭਾਰਤ ਸਰਕਾਰ ਨੇ ਨਰੇਗਾ (ਰਾਸ਼ਟਰੀ ਪੇਂਡੂ ਰੋਜ਼ਗਾਰ ਗਰੰਟੀ ਐਕਟ) ਦਾ ਨਾਮ ਬਦਲ ਕੇ ਮਗਨਰੇਗਾ (ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਗਰੰਟੀ ਐਕਟ) ਰੱਖ ਦਿੱਤਾ। ਮਗਨਰੇਗਾ ਸਕੀਮ ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਹਰੇਕ ਪਰਿਵਾਰ ਜੋ ਕਿ ਅਕੁਸ਼ਲ ਹੱਥੀ ਕੰਮ ਕਰਨ ਦਾ ਚਾਹਵਾਨ ਹੈ ਦੇ ਬਾਲਗ ਮੈਂਬਰਾਂ ਨੂੰ ਇੱਕ ਵਿੱਤੀ ਸਾਲ ਵਿੱਚ ਘੱਟੋ-ਘੱਟ 100 ਦਿਨਾਂ ਦੀ ਗਾਰੰਟੀਸ਼ੁਦਾ ਮਜ਼ਦੂਰੀ/ਰੁਜ਼ਗਾਰ ਪ੍ਰਦਾਨ ਕਰਕੇ ਰੋਜ਼ੀ-ਰੋਟੀ ਦੀ ਸੁਰੱਖਿਆ ਨੂੰ ਵਧਾਉਣਾ ਹੈ।

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਗਾਰੰਟੀ ਐਕਟ, 2005 (MGNREGA) ਭਾਰਤ ਦੇ ਸਮਾਜਿਕ ਕਲਿਆਣ ਅਤੇ ਪੇਂਡੂ ਆਰਥਿਕ ਸੁਰੱਖਿਆ ਢਾਂਚੇ ਦਾ ਇੱਕ ਇਤਿਹਾਸਕ ਅਤੇ ਵਿਸ਼ਵ-ਪ੍ਰਸਿੱਧ ਕਾਨੂੰਨ ਹੈ, ਜਿਸ ਨੇ ਪੇਂਡੂ ਭਾਰਤ ਵਿੱਚ ਗਰੀਬ, ਬੇਜ਼ਮੀਨ, ਪਿਛੜੇ, ਦਲਿਤ ਅਤੇ ਮਹਿਲਾ ਵਰਗਾਂ ਲਈ ਰੋਜ਼ਗਾਰ ਨੂੰ ਇੱਕ ਕਾਨੂੰਨੀ ਅਧਿਕਾਰ ਦੇ ਰੂਪ ਵਿੱਚ ਸਥਾਪਿਤ ਕੀਤਾ। ਇਹ ਐਕਟ ਮੰਗ ਆਧਾਰਿਤ ਹੈ, ਜਿਸ ਅਧੀਨ ਜੇਕਰ ਕੋਈ ਮਜ਼ਦੂਰ ਮਗਨਰੇਗਾ ਸਕੀਮ ਅਧੀਨ ਕੰਮ ਦੀ ਮੰਗ ਕਰਦਾ ਹੈ ਤਾਂ ਰਾਜ ਅਤੇ ਭਾਰਤ ਸਰਕਾਰ ਦੀ ਇਹ ਕਾਨੂੰਨੀ ਜ਼ਿੰਮੇਵਾਰੀ ਬਣਦੀ ਹੈ ਕਿ ਉਸਨੂੰ ਨਿਰਧਾਰਿਤ ਸਮੇਂ ਅੰਦਰ ਕੰਮ ਪ੍ਰਦਾਨ ਕੀਤਾ ਜਾਵੇ ਜਾਂ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ।

ਇਸ ਦੇ ਉਲਟ VIKSIT BHARAT- GUARANTEE FOR ROZGAR AND AJEEVIKA MISSION (GRAMIN) Act (ਵਿਕਸਿਤ ਭਾਰਤ-ਗਾਰੰਟੀ ਰੋਜ਼ਗਾਰ ਅਤੇ ਅਜੀਵੀਕਾ ਮਿਸ਼ਨ ਗ੍ਰਾਮੀਣ ਐਕਟ) 2025 ਵਿੱਚ ਭਾਵੇਂ 125 ਦਿਨਾਂ ਦੀ ਗੱਲ ਕੀਤੀ ਗਈ ਹੈ, ਪਰ ਇਹ ਗਾਰੰਟੀ ਅਸਲ ਵਿੱਚ ਨਾਰਮੇਟਿਵ ਬਜਟ ਅਤੇ ਸੀਮਤ ਵਿੱਤੀ ਪ੍ਰਬੰਧਾਂ ਨਾਲ ਬੰਨ੍ਹੀ ਹੋਈ ਹੈ, ਜਿਸ ਕਰਕੇ ਇਹ ਗਾਰੰਟੀ ਕਾਗਜ਼ੀ ਹੀ ਰਹਿ ਜਾਂਦੀ ਹੈ । ਜਿਸ ਵਿੱਚ ਰੋਜ਼ਗਾਰ ਦੀ ਉਪਲਬਧਤਾ ਮਜ਼ਦੂਰ ਦੀ ਮੰਗ ਤੇ ਨਹੀਂ ਸਗੋਂ ਭਾਰਤ ਵੱਲੋਂ ਪਹਿਲਾਂ ਤੋਂ ਨਿਰਧਾਰਤ ਯੋਜਨਾਵਾਂ, ਬਜਟ ਸੀਮਾਵਾਂ ਅਤੇ ਨਵੇਂ ਫਰੇਮਵਰਕ ਅਨੁਸਾਰ ਕੀਤੀ ਐਲੋਕੇਸ਼ਨ ਤੇ ਨਿਰਭਰ ਹੋਵੇਗੀ। ਇਸ ਨਾਲ ਰੋਜ਼ਗਾਰ ਦਾ ਕਾਨੂੰਨੀ ਅਧਿਕਾਰ ਹੌਲੀ-ਹੌਲੀ ਇੱਕ ਪ੍ਰਸ਼ਾਸਕੀ ਕਿਰਪਾ ਵਿੱਚ ਤਬਦੀਲ ਹੋਣ ਦਾ ਖਤਰਾ ਹੈ, ਜਿਸ ਨਾਲ ਇਹ ਸਕੀਮ ਵਰਦਾਨ ਤੋਂ ਅਭਿਸ਼ਾਪ ਬਣ ਜਾਵੇਗੀ ।

VIKSIT BHARAT- GUARANTEE FOR ROZGAR AND AJEEVIKA MISSION (GRAMIN) Act ਤਹਿਤ ਮਜ਼ਦੂਰੀ ਦੀ ਅਦਾਇਗੀ 60:40 ਦੇ ਅਨੁਪਾਤ ਅਨੁਸਾਰ ਕਰਨ ਅਤੇ ਹਫਤਾਵਾਰ ਭੁਗਤਾਨ ਨੂੰ ਲਾਜ਼ਮੀ ਬਣਾਉਣ ਦੀ ਗੱਲ ਕੀਤੀ ਗਈ ਹੈ, ਪਰ ਅਸਲ ਵਿੱਚ ਇਸ ਨਾਲ ਰਾਜ ਸਰਕਾਰ ਉੱਤੇ ਪੈਣ ਵਾਲਾ ਵਿੱਤੀ ਬੋਝ ਘਟਣ ਦੀ ਬਜਾਏ ਹੋਰ ਵਧ ਜਾਂਦਾ ਹੈ। ਭਾਰਤ ਸਰਕਾਰ ਵੱਲੋਂ ਪੂਰੇ ਵਿੱਤੀ ਸਾਲ ਲਈ ਬਜਟ ਪਹਿਲਾਂ ਹੀ ਸੀਮਿਤ ਕਰ ਦਿੱਤਾ ਜਾਵੇਗਾ, ਜਦਕਿ ਮਗਨਰੇਗਾ ਅਧੀਨ ਮਜ਼ਦੂਰ ਦਾ ਕੰਮ ਦੀ ਮੰਗ ਕਰਨ ਦਾ ਕਾਨੂੰਨੀ ਅਧਿਕਾਰ ਬਰਕਰਾਰ ਰੱਖਿਆ ਗਿਆ ਹੈ ਜੋ ਕਿ ਪਹਿਲਾਂ ਤੋ ਹੀ ਬਜਟ ਲਿਮਟ ਤੈਅ ਹੋ ਜਾਣ ਕਾਰਨ ਪ੍ਰਭਾਵਿਤ ਹੋਵੇਗਾ। ਇਸ ਸਥਿਤੀ ਵਿੱਚ ਜੇਕਰ ਨਿਰਧਾਰਿਤ ਸਮੇਂ ਅੰਦਰ ਕੰਮ ਉਪਲਬਧ ਨਹੀਂ ਕਰਵਾਇਆ ਜਾਂਦਾ ਤਾਂ ਬੇਰੋਜ਼ਗਾਰੀ ਭੱਤੇ ਦੀ ਪੂਰੀ ਜ਼ਿੰਮੇਵਾਰੀ ਰਾਜ ਸਰਕਾਰ ਨੂੰ ਝੱਲਣੀ ਪਵੇਗੀ । ਇਸਦੇ ਨਾਲ ਹੀ ਜੇਕਰ ਕੇਂਦਰੀ ਬਜਟ ਅਲਾਟਮੈਂਟ ਦੀ ਸੀਮਾ ਪੂਰੀ ਹੋ ਜਾਂਦੀ ਹੈ ਤਾਂ ਉਸ ਤੋਂ ਬਾਅਦ ਮਜ਼ਦੂਰਾਂ ਨੂੰ ਕੰਮ ਮੁਹੱਈਆ ਕਰਵਾਉਣਾ ਨਾਂ ਕੇਵਲ ਪ੍ਰਸ਼ਾਸਨਕ ਤੌਰ ਤੇ ਮੁਸ਼ਕਲ ਹੋ ਜਾਵੇਗਾ ਸਗੋਂ ਵਿੱਤੀ ਤੌਰ ਤੇ ਵੀ ਅਸੰਭਵ ਹੋ ਜਾਵੇਗਾ। ਇਸ ਦਾ ਸਿੱਧਾ ਪ੍ਰਭਾਵ ਰਾਜ ਸਰਕਾਰਾਂ ਤੇ ਵਾਧੂ ਵਿੱਤੀ ਦਬਾਅ ਬਣਾਵੇਗਾ ਅਤੇ ਮਜ਼ਦੂਰਾਂ ਦੇ ਕੰਮ ਦੀ ਮੰਗ ਕਰਨ ਦੇ ਕਾਨੂੰਨੀ ਅਧਿਕਾਰ ਦੀ ਅਮਲੀ ਰੂਪ ਵਿੱਚ ਪੂਰਤੀ ਵੀ ਪ੍ਰਭਾਵਿਤ ਹੋਵੇਗੀ। ਇਸ ਤੋਂ ਇਲਾਵਾ ਮਜ਼ਦੂਰੀ ਦੀ ਅਦਾਇਗੀ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਹੋਣ ਦੀ ਸੂਰਤ ਵਿੱਚ ਅਦਾਇਗੀ ਦੀ ਦੇਰੀ ਦਾ ਭੁਗਤਾਨ (Delay Compensation) ਦੀ ਰਕਮ ਦਾ ਬੋਝ ਵੀ ਰਾਜ ਸਰਕਾਰ ਤੇ ਹੀ ਪਵੇਗਾ। ਨਵੇਂ ਐਕਟ ਅਨੁਸਾਰ ਜੇਕਰ ਰਾਜ ਸਰਕਾਰ ਵੱਲੋਂ ਭਾਰਤ ਸਰਕਾਰ ਦੇ ਨਿਰਧਾਰਤ Allocation ਬਜਟ ਤੋਂ ਵੱਧ ਕੰਮ ਕਰਵਾਏ ਜਾਂਦੇ ਹਨ ਤਾਂ ਉਸ ਤੇ ਹੋਣ ਵਾਲੇ ਖਰਚੇ ਦਾ 100 ਫੀਸਦੀ ਬੋਝ ਵੀ ਪੂਰੀ ਤਰ੍ਹਾਂ ਰਾਜ ਸਰਕਾਰ ਤੇ ਹੀ ਆਵੇਗਾ।
ਉਪਰੋਕਤ ਦੇ ਮੱਦੇਨਜ਼ਰ, ਪੰਜਾਬ ਵਿਧਾਨ ਸਭਾ ਇਹ ਵੀ ਗੰਭੀਰ ਚਿੰਤਾ ਪ੍ਰਗਟ ਕਰਦੀ ਹੈ ਕਿ VIKSIT BHARAT-GUARANTEE FOR ROZGAR AND AJEEVIKA MISSION (GRAMIN) ਐਕਟ ਅਧੀਨ ਵਿੱਤੀ ਜ਼ਿੰਮੇਵਾਰੀਆਂ ਦਾ ਢਾਂਚਾ ਬੁਨਿਆਦੀ ਤੌਰ ਤੇ ਬਦਲ ਦਿੱਤਾ ਗਿਆ ਹੈ। ਜਿੱਥੇ ਮਗਨਰੇਗਾ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ 100% ਅਕੁਸ਼ਲ ਮਜ਼ਦੂਰੀ ਖ਼ਰਚ ਅਤੇ ਪ੍ਰਬੰਧਕੀ ਖ਼ਰਚ ਕੀਤੇ ਜਾਂਦੇ ਸਨ ਅਤੇ ਰਾਜਾਂ ਤੇ ਕੇਵਲ ਸੀਮਿਤ ਵਿੱਤੀ ਬੋਝ ਸੀ, ਉੱਥੇ VIKSIT BHARAT- GUARANTEE FOR ROZGAR AND AJEEVIKA MISSION (GRAMIN) ਐਕਟ 60:40 ਦੇ ਕੇਂਦਰ ਤੇ ਰਾਜ ਦੀ ਹਿੱਸੇਦਾਰੀ ਮਾਡਲ ਨੂੰ ਲਾਗੂ ਕਰਦਾ ਹੈ। ਇਸ ਨਾਲ ਰਾਜਾਂ ਤੇ ਹਜ਼ਾਰਾਂ ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ, ਜੋ ਪਹਿਲਾਂ ਹੀ ਵਿੱਤੀ ਦਬਾਅ ਹੇਠ ਹਨ। ਇਹ ਬਦਲਾਅ ਸੰਘੀ ਢਾਂਚੇ ਦੀ ਆਤਮਾ ਦੇ ਖ਼ਿਲਾਫ਼ ਹੈ, ਕਿਉਂਕਿ ਇੱਕ ਰਾਸ਼ਟਰੀ ਪੱਧਰ ਦੀ ਰੋਜ਼ਗਾਰ ਗਾਰੰਟੀ ਯੋਜਨਾ ਰਾਜਾਂ ਦੀ ਵਿੱਤੀ ਸਮਰੱਥਾ ਤੇ ਨਿਰਭਰ ਨਹੀਂ ਹੋਣੀ ਚਾਹੀਦੀ। ਜਦੋਕਿ ਰਾਜ ਨੂੰ ਪਹਿਲਾਂ ਹੀ ਭਾਰਤ ਸਰਕਾਰ ਵੱਲੋਂ ਉਹਨਾਂ ਦੇ ਬਣਦੇ ਫੰਡ ਵੀ ਜਾਰੀ ਨਹੀਂ ਕੀਤੇ ਜਾ ਰਹੇ ।

ਪੰਜਾਬ ਵਰਗੇ ਰਾਜ ਜਿੱਥੇ ਮਗਨਰੇਗਾ ਮੁੱਖ ਤੌਰ ਤੇ ਸਭ ਤੋਂ ਗਰੀਬ ਪੇਂਡੂ ਪਰਿਵਾਰਾਂ ਲਈ ਇੱਕ ਸੁਰੱਖਿਆ ਕਵਚ ਵਜੋਂ ਕੰਮ ਕਰਦਾ ਹੈ ਉੱਥੇ VIKSIT BHARAT- GUARANTEE FOR ROZGAR AND AJEEVIKA MISSION (GRAMIN) ਐਕਟ ਦੇ ਪ੍ਰਭਾਵ ਹੋਰ ਵੀ ਗੰਭੀਰ ਹੋ ਸਕਦੇ ਹਨ। ਅੰਕੜਿਆਂ ਅਨੁਸਾਰ ਪੰਜਾਬ ਵਿੱਚ ਮਗਨਰੇਗਾ ਸਕੀਮ ਹੇਠ ਮੈਨਡੇਜ਼ (Persondays) ਵਿੱਚ ਪਿਛਲੇ ਵਿੱਤੀ ਸਾਲਾਂ ਵਿੱਚ ਸਾਲ ਦਰ ਸਾਲ ਵਾਧਾ ਹੋਇਆ ਹੈ। ਅਜਿਹੇ ਹਾਲਾਤਾਂ ਵਿੱਚ ਖੇਤੀਬਾੜੀ ਦੇ ਸੀਜਨ ਦੌਰਾਨ 60 ਦਿਨਾਂ ਲਈ ਕੰਮ ਰੋਕਣ ਦੀ ਵਿਵਸਥਾ, ਜਾਬ ਕਾਰਡ ਧਾਰਕ ਮਜ਼ਦੂਰਾਂ ਖ਼ਾਸ ਕਰਕੇ ਅਨੁਸੂਚਿਤ ਜਾਤੀ ਮਹਿਲਾਵਾਂ ਅਤੇ ਬੇਜ਼ਮੀਨ ਪਰਿਵਾਰਾਂ ਦੀ ਆਮਦਨ ਤੇ ਸਿੱਧਾ ਨਕਾਰਾਤਮਕ ਪ੍ਰਭਾਵ ਪਾਏਗੀ। ਇਸ 60 ਦਿਨ ਦੀ ਬੰਦੀ ਦੇ ਦੌਰਾਨ ਜੇਕਰ ਦੇਖਿਆ ਜਾਵੇਂ ਤਾ ਹੁਨਰਮੰਦ ਕਾਮਿਆਂ ਨੂੰ ਰੋਜ਼ਗਾਰ ਦੇ ਮੌਕੇ ਤਾ ਮਿਲਣਗੇ ਪਰ ਮਗਨਰੇਗਾ ਸਕੀਮ ਦੀ ਤਰ੍ਹਾ ਬੱਝਵੀਂ ਦਿਹਾੜੀ ਨਹੀਂ ਮਿਲੇਗੀ। ਇਸ ਸਮੇਂ ਦੌਰਾਨ ਸਕੀਮ ਨਾ ਚਲਦੀ ਹੋਣ ਕਾਰਨ ਔਰਤਾਂ ਅਤੇ ਬਜ਼ੁਰਗਾਂ ਨੂੰ ਕੰਮ ਦਾ ਬਦਲ ਉਪਲਬਧ ਨਹੀਂ ਹੋਵੇਗਾ, ਜਿਸ ਕਾਰਨ ਉਨ੍ਹਾਂ ਨੂੰ ਇਸ ਸਮੇਂ ਦੌਰਾਨ ਨਾ ਤਾ ਕੰਮ ਦੇ ਜ਼ਿਆਦਾ ਮੌਕੇ ਮਿਲਣਗੇ ਅਤੇ ਨਾ ਹੀ ਆਪਣੀ ਮਰਜੀ ਨਾਲ ਮਗਨਰੇਗਾ ਸਕੀਮ ਅਧੀਨ ਦਿੱਤੇ ਹੱਕ ਅਨੁਸਾਰ ਦਿਹਾੜੀ ਪ੍ਰਾਪਤ ਹੋਵੇਗੀ। ਪੰਜਾਬ ਵਿੱਚ ਖੇਤੀਬਾੜੀ ਦੇ ਪੀਕ ਸੀਜ਼ਨ ਅਕਸਰ ਪ੍ਰਵਾਸੀ ਮਜ਼ਦੂਰਾਂ ਤੇ ਨਿਰਭਰ ਕਰਦੇ ਹਨ। ਇਸ ਲਈ ਨਵੀਂ ਸਕੀਮ ਅਧੀਨ ਕੰਮ ਰੋਕਣ ਨਾਲ ਖੇਤੀ ਮਜ਼ਦੂਰ ਸੰਕਟ ਦਾ ਹੱਲ ਨਹੀਂ, ਸਗੋਂ ਸਥਾਨਕ ਗਰੀਬ ਮਜ਼ਦੂਰਾਂ ਦੀ ਅਸੁਰੱਖਿਆ ਵਧੇਗੀ।

ਨਵੀਂ ਸਕੀਮ ਨਾਲ 60 ਦਿਨਾਂ ਦੀ ਬੰਦੀ ਕਾਰਨ ਬਹੁਤ ਵੱਡੀ ਸਮੱਸਿਆ ਇਹ ਪੈਦਾ ਹੋਵੇਗੀ ਕਿ ਪਹਿਲਾਂ ਤੋਂ ਚੱਲ ਰਹੇਂ ਵਿਕਾਸ ਦੇ ਕੰਮਾਂ ਵਿੱਚ ਬਿਨ੍ਹਾਂ ਵਜ੍ਹਾ ਦੇਰੀ ਹੋਣ ਕਾਰਨ ਵਿਕਾਸ ਦੇ ਕੰਮਾਂ ਦੀ ਗੁਣਵੱਤਾ ਤੇ ਵੀ ਅਸਰ ਪਵੇਗਾ ਅਤੇ ਇਹ ਕੰਮ ਆਪਣੀ ਤਹਿ ਸਮੇਂ ਸੀਮਾ ਵਿੱਚ ਪੂਰੇ ਨਹੀਂ ਕੀਤੇ ਜਾ ਸਕਣਗੇ।

ਪਿਛਲੇ ਵਿੱਤੀ ਸਾਲਾਂ ਦੌਰਾਨ ਪੰਜਾਬ ਵਿੱਚ ਲਾਗੂ ਮਗਨਰੇਗਾ ਸਕੀਮ ਦੇ ਅਧੀਨ ਮਹਿਲਾਵਾਂ ਦੀ ਭਾਗੀਦਾਰੀ 60% ਅਤੇ ਅਨੁਸੂਚਿਤ ਜਾਤੀਆਂ ਦੀ ਭਾਗੀਦਾਰੀ 70% ਦਰਜ਼ ਕੀਤੀ ਗਈ ਹੈ। ਇਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਮਗਨਰੇਗਾ ਸਕੀਮ ਦੇ ਜ਼ਿਆਦਾਤਰ ਲਾਭਪਾਤਰੀ ਸਮਾਜ ਦੇ ਸਭ ਤੋਂ ਕਮਜ਼ੋਰ ਵਰਗਾਂ ਨਾਲ ਸਬੰਧਤ ਹਨ ਜਿਵੇਂ ਕਿ ਅਨੁਸੂਚਿਤ ਜਾਤੀ ਨਾਲ ਸਬੰਧਤ ਲਾਭਪਾਤਰੀ ਅਤੇ ਗਰੀਬ ਮਹਿਲਾਵਾਂ । ਇਸ ਲਈ ਨਵੇਂ ਐਕਟ ਦੇ ਲਾਗੂ ਹੋਣ ਨਾਲ ਰੁਜ਼ਗਾਰ ਦੇ ਮੌਕਿਆ ਦੀ ਕਮੀ ਆਵੇਗੀ ਅਤੇ ਇਸ ਕਾਰਨ ਇਹਨਾਂ ਕਮਜ਼ੋਰ ਵਰਗਾਂ ਦੀ ਆਰਥਿਕ ਸਥਿਤੀ ਹੋਰ ਖਰਾਬ ਹੋਵੇਗੀ। ਇਸ ਤਰ੍ਹਾਂ ਜਦੋਂ ਕਿ ਇੱਕ ਪਾਸੇ ਭਾਰਤ ਸਰਕਾਰ ਦਾ ਮਕਸਦ ਮਹਿਲਾਵਾਂ ਅਤੇ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਨਾਲ ਸਬੰਧਤ ਲਾਭਪਾਤਰੀਆਂ ਨੂੰ ਸਸ਼ਕਤ ਬਣਾਉਣਾ ਹੈ, ਪ੍ਰੰਤੂ ਦੂਜੇ ਪਾਸੇ ਨਵਾਂ ਐਕਟ ਉਨ੍ਹਾਂ ਨੂੰ ਸਮਾਜਿਕ ਅਤੇ ਆਰਥਿਕ ਤੌਰ ਤੇ ਕਮਜ਼ੋਰ ਕਰਨ ਵੱਲ ਕੇਂਦਰਿਤ ਹੈ। ਜਿਸ ਨਾਲ ਅਸਮਾਨਤਾ ਵਿੱਚ ਵਾਧਾ ਹੋਵੇਗਾ ਅਤੇ ਹੋਰ ਬੇ-ਲੋੜੀ ਨਿਰਾਸ਼ਾ ਪੈਦਾ ਹੋਵੇਗੀ।

ਮਗਨਰੇਗਾ ਵਿੱਚ, ਗ੍ਰਾਮ ਪੰਚਾਇਤ ਕੇਂਦਰੀ ਭੂਮਿਕਾ ਨਿਭਾਉਂਦੀ ਹੈ ਅਤੇ ਘੱਟੋ-ਘੱਟ 50% ਕੰਮ ਸਿੱਧੇ ਪਿੰਡ ਪੱਧਰ ਤੇ ਯੋਜਨਾ ਬੱਧ ਕੀਤੇ ਜਾਂਦੇ ਹਨ। VIKSIT BHARAT- GUARANTEE FOR ROZGAR AND AJEEVIKA MISSION (GRAMIN) Act ਵਿੱਚ ਰਾਸ਼ਟਰੀ ਪੱਧਰ ਤੇ ਨੈਸ਼ਨਲ ਸਟੈਕ (National Stack) ਬਣਾਇਆ ਗਿਆ ਹੈ, ਜਿਸ ਨਾਲ ਸਥਾਨਕ ਲੋੜਾਂ ਅਤੇ ਗ੍ਰਾਮ ਸਭਾ ਦੀ ਭੂਮਿਕਾ ਕਮਜ਼ੋਰ ਹੋ ਜਾਂਦੀ ਹੈ ਅਤੇ ਕੇਂਦਰੀਕਰਨ ਵਧਦਾ ਹੈ।
ਇਸ ਤੋਂ ਇਲਾਵਾ, VIKSIT BHARAT- GUARANTEE FOR ROZGAR AND AJEEVIKA MISSION (GRAMIN) ਐਕਟ ਹੇਠ ਕੰਮਾਂ ਦੀ ਸ਼੍ਰੇਣੀ ਨੂੰ ਸਿਰਫ਼ ਚਾਰ ਖੇਤਰਾਂ—ਪਾਣੀ ਸੁਰੱਖਿਆ, ਪੇਂਡੂ ਬੁਨਿਆਦੀ ਢਾਂਚਾ, ਜੀਵਿਕਾ ਸਬੰਧੀ ਢਾਂਚੇ ਅਤੇ ਜਲਵਾਯੂ ਸਹਿਣਸ਼ੀਲਤਾ ਤੱਕ ਸੀਮਿਤ ਕਰ ਦਿੱਤਾ ਗਿਆ ਹੈ। ਜਦਕਿ ਪਿੰਡਾਂ ਦੇ ਬੁਨਿਆਦੀ ਅਤੇ ਟਿਕਾਊ ਵਿਕਾਸ ਦੇ ਲਈ ਹਰ ਸ਼੍ਰੇਣੀ ਤੇ ਵੱਖ-ਵੱਖ ਖੇਤਰਾਂ ਦੇ ਵਿੱਚ ਕੰਮ ਹੋਣੇ ਲਾਜ਼ਮੀ ਹੁੰਦੇ ਹਨ। ਪਰ ਇਸ ਨਵੇਂ ਐਕਟ ਨਾਲ ਗ੍ਰਾਮ ਪੰਚਾਇਤਾਂ ਦੀ ਸਥਾਨਕ ਲੋੜਾਂ ਅਨੁਸਾਰ ਕੰਮ ਚੁਣਨ ਦੀ ਆਜ਼ਾਦੀ ਘਟ ਜਾਂਦੀ ਹੈ। ਮਗਨਰੇਗਾ ਸਕੀਮ ਅਧੀਨ, ਪਾਣੀ ਸਪਲਾਈ, ਜ਼ਮੀਨ ਵਿਕਾਸ, ਜ਼ਮੀਨ ਹੇਠਲੇ ਪਾਣੀ ਨੂੰ ਉੱਚਾ ਚੁੱਕਣ ਦੇ ਕੰਮ ਅਤੇ ਹੋਰ ਕਈ ਲਚਕੀਲੇ ਵਿਕਲਪ ਮੌਜੂਦ ਸਨ, ਜੋ ਪੇਂਡੂ ਲੋੜਾਂ ਅਨੁਸਾਰ ਪੰਚਾਇਤਾਂ ਅਤੇ ਗ੍ਰਾਮ ਸਭਾਵਾਂ ਵੱਲੋਂ ਤੈਅ ਕੀਤੇ ਜਾ ਸਕਦੇ ਸਨ।

ਇੱਥੇ ਇਹ ਵੀ ਉਲੇਖਯੋਗ ਹੈ ਕਿ VIKSIT BHARAT- GUARANTEE FOR ROZGAR AND AJEEVIKA MISSION (GRAMIN) ਐਕਟ ਅਧੀਨ ਜ਼ਿਆਦਾ ਤਕਨੀਕੀ ਨਿਗਰਾਨੀ ਤੇ ਜ਼ੋਰ, ਜਿਵੇਂ ਬਾਇਓਮੈਟਰਿਕ ਪ੍ਰਮਾਣੀਕਰਨ, ਜਿਓ ਸਪੈਸ਼ਲ ਯੋਜਨਾਵਾਂ ਅਤੇ ਕੇਂਦਰੀ ਡੈਸ਼ਬੋਰਡਾਂ ਤੇ ਅਤਿ ਅਧਿਕ ਨਿਰਭਰਤਾ ਕਾਰਨ ਗ੍ਰਾਮ ਸਭਾ ਅਤੇ ਗ੍ਰਾਮ ਪੰਚਾਇਤਾਂ ਦੀ ਲੋਕਤੰਤਰਿਕ ਅਤੇ ਫੈਸਲਾ-ਲੈਣ ਵਾਲੀ ਭੂਮਿਕਾ ਕਮਜ਼ੋਰ ਹੋ ਰਹੀ ਹੈ। ਤਕਨੀਕੀ ਖ਼ਾਮੀਆਂ, ਸਰਵਰ ਸਮੱਸਿਆਵਾਂ ਜਾਂ ਡਿਜੀਟਲ ਪ੍ਰਣਾਲੀ ਵਿੱਚ ਗੜਬੜੀਆਂ ਦੇ ਚਲਦੇ ਕਈ ਵਾਰ ਮਜ਼ਦੂਰਾਂ ਦਾ ਭੁਗਤਾਨ ਰੁਕ ਜਾਂਦਾ ਹੈ ਜਾਂ ਉਨ੍ਹਾਂ ਨੂੰ ਕੰਮ ਤੋਂ ਵੰਚਿਤ ਰਹਿਣਾ ਪੈਂਦਾ ਹੈ, ਜੋ ਕਿ ਖ਼ਾਸ ਕਰਕੇ ਡਿਜੀਟਲ ਸਹੂਲਤਾਂ ਤੋਂ ਵਾਂਝੇ, ਗਰੀਬ ਅਤੇ ਹਾਸ਼ੀਏ ਤੇ ਰਹਿੰਦੇ ਵਰਗਾਂ ਲਈ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਇਸ ਨੂੰ ਮੁੱਖ ਰੱਖਦੇ ਹੋਏ ਇਹ ਸਦਨ ਸਿਫਾਰਿਸ਼ ਕਰਦਾ ਹੈ ਕਿ ਰਾਜ ਸਰਕਾਰ ਭਾਰਤ ਸਰਕਾਰ ਨਾਲ ਮਾਮਲਾ ਟੇਕਅਪ ਕਰੇ ਕਿ ਮਗਨਰੇਗਾ ਦੇ ਮੰਗ ਅਧਾਰਿਤ, ਅਧਿਕਾਰ ਅਧਾਰਿਤ ਅਤੇ ਪੂਰੀ ਤਰ੍ਹਾਂ ਕੇਂਦਰੀ ਪ੍ਰਯੋਜਿਤ ਢਾਂਚੇ ਨੂੰ ਬਰਕਰਾਰ ਰੱਖਿਆ ਜਾਵੇ ਅਤੇ VIKSIT BHARAT- GUARANTEE FOR ROZGAR AND AJEEVIKA MISSION (GRAMIN) ਐਕਟ ਦੇ ਉਹਨਾਂ ਉਪਬੰਧਾਂ ਤੇ ਦੁਬਾਰਾ ਵਿਚਾਰ ਕੀਤਾ ਜਾਵੇ, ਜੋ ਰਾਜਾਂ ਤੇ ਅਣਉਚਿਤ ਵਿੱਤੀ ਬੋਝ ਪਾਉਂਦੇ ਹਨ, ਗ੍ਰਾਮ ਪੰਚਾਇਤਾਂ ਦੇ ਅਧਿਕਾਰਾਂ ਤੇ ਅਜ਼ਾਦੀ ਨੂੰ ਢਾਅ ਲਾਉਂਦੇ ਤੇ ਘਟਾਉਂਦੇ ਹਨ ਅਤੇ ਪੇਂਡੂ ਮਜ਼ਦੂਰਾਂ ਦੇ ਰੋਜ਼ਗਾਰ ਦੇ ਅਧਿਕਾਰ ਨੂੰ ਕਮਜ਼ੋਰ ਕਰਦੇ ਹਨ।"

8. <u>ਵਿਧਾਨਕ ਕੰਮ ਕਾਰ</u>

(1) **ਇੱਕ ਮੰਤਰੀ** ਦ ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧਨਾ) ਬਿਲ, 2025, ਪੇਸ਼ ਕਰਨਗੇ।

ਪ੍ਰਸਤਾਵ ਕਰਨਗੇ ਕਿ ਦ ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧਨਾ) ਬਿਲ, 2025, ਤੇ ਤੁਰਤ ਵਿਚਾਰ ਕੀਤਾ ਜਾਵੇ।

ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

(2) **ਇੱਕ ਮੰਤਰੀ** ਪੰਜਾਬ ਆਬਾਦੀ ਦੇਹ (ਰਿਕਾਰਡ ਆਫ਼ ਰਾਈਟਸ) ਸੋਧਨਾ ਬਿਲ, 2025, ਪੇਸ਼ ਕਰਨਗੇ।

ਪ੍ਰਸਤਾਵ ਕਰਨਗੇ ਕਿ ਪੰਜਾਬ ਆਬਾਦੀ ਦੇਹ (ਰਿਕਾਰਡ ਆਫ਼ ਰਾਈਟਸ) ਸੋਧਨਾ ਬਿਲ, 2025, ਤੇ ਤੁਰਤ ਵਿਚਾਰ ਕੀਤਾ ਜਾਵੇ ।

ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ ।

(3) **ਇੱਕ ਮੰਤਰੀ** ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2025, ਪੇਸ਼ ਕਰਨਗੇ।

ਪ੍ਰਸਤਾਵ ਕਰਨਗੇ ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2025, ਤੇ ਤੁਰਤ ਵਿਚਾਰ ਕੀਤਾ ਜਾਵੇ ।

ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ ।

**ਪੰਜਾਬ ਵਿਧਾਨ ਸਭਾ**
**ਚੰਡੀਗੜ੍ਹ -160001**
**ਮਿਤੀ:29 ਦਸੰਬਰ 2025 ਸੋਮਵਾਰ**

**ਰਾਮ ਲੋਕ ਖਟਾਣਾ**
**ਸਕੱਤਰ**
**ਪੰਜਾਬ ਵਿਧਾਨ ਸਭਾ**